IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਮੁੱਢਲੇ ਪੰਜਾਬੀ ਇਤਿਹਾਸਕ ਨਾਵਲਾਂ ਦਾ ਵਿਚਾਰਧਾਰਾਈ ਅਧਿਐਨ

ਸਰਬਜੀਤ ਕੌਰ,

ਖੋਜਾਰਥਣ, ਪੰਜਾਬੀ ਵਿਭਾਗ,

ਪੰਜਾਬੀ ਯੂਨੀਵਰਸਿਟੀ,

ਪਟਿਆਲਾ।

**ਐਬਸਟਰੈਕਟਸ**

ਸਾਹਿਤ ਅਤੇ ਸਮਾਜ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ। ਸਾਹਿਤ ਦੇ ਵਿਸ਼ਾ-ਵਸਤੂ ਤੇ ਰੂਪ ਦੀ ਉਤਪਤੀ ਵਿਸ਼ੇਸ਼ ਸਮਾਜ ਦੇ ਵਾਤਾਵਰਨ ਅਤੇ ਉਸਦੀਆਂ ਪ੍ਰਵਿਰਤੀਆਂ ਅਨੁਸਾਰ ਹੁੰਦੀ ਹੈ। ਪੰਜਾਬੀ ਨਾਵਲ ਦੇ ਉੱਥਾਨ ਸੰਬੰਧੀ ਅੰਗਰੇਜ਼ਾਂ ਦੀ ਆਮਦ ਅਤੇ ਈਸਾਈ ਮਿਸ਼ਨਰੀਆਂ ਦੀ ਗਲਪ ਨੂੰ ਪ੍ਰੇਰਕ ਸ਼ਕਤੀ ਵਜੋਂ ਕਾਰਜਸ਼ੀਲ ਮੰਨਿਆ ਜਾਂਦਾ ਹੈ। ਅੰਗਰੇਜ਼ਾਂ ਦੀ ਆਮਦ ਨੇ ਸਿੱਧੇ ਤੌਰ 'ਤੇ ਤਾਂ ਨਹੀਂ ਪਰ ਅਸਿੱਧੇ ਤੌਰ 'ਤੇ ਭਾਰਤੀ ਨਾਵਲ ਰੂਪਾਕਾਰ ਦੇ ਹੋਂਦ ਵਿੱਚ ਆਉਣ ਸੰਬੰਧੀ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਤਰ੍ਹਾਂ ਪੰਜਾਬੀ ਨਾਵਲ ਦਾ ਉੱਥਾਨ ਕਾਲ 19ਵੀਂ ਸਦੀ ਦੇ ਦੂਜੇ ਅੱਧ ਨੂੰ ਮੰਨਿਆ ਜਾਂਦਾ ਹੈ। ਇਹ ਉਹ ਸਮਾਂ ਸੀ, ਜਦੋਂ ਪੰਜਾਬ ਅੰਗਰੇਜ਼ੀ ਸਾਮਰਾਜ ਦੇ ਪੂਰੀ ਤਰ੍ਹਾਂ ਕਬਜ਼ੇ ਵਿੱਚ ਸੀ। ਪੰਜਾਬੀ ਤੇ ਵਿਸ਼ੇਸ਼ ਤੌਰ 'ਤੇ ਸਿੱਖ ਆਪਣਾ ਰਾਜ ਭਾਗ ਗੁਆਚ ਜਾਣ ਕਾਰਨ ਆਪਣਾ ਸਵੈਮਾਨ ਖੋ ਚੁੱਕੇ ਸਨ। ਵਸਤੂ ਸਥਿਤੀ ਆਤਮ-ਅਭਿਮਾਨ ਵਾਲੀ ਨਹੀਂ ਬਲਕਿ ਆਤਮ ਹੀਣਤਾ ਵਾਲੀ ਸੀ। ਸਾਹਿਤ ਸਮਕਾਲੀਨ ਪ੍ਰਸਥਿਤੀਆਂ ਦਾ ਪ੍ਰਤੀਬਿੰਬ ਹੁੰਦਾ ਹੈ। ਸਮਕਾਲੀਨ ਸਮਾਜ ਦੀਆਂ ਅਜਿਹੀਆਂ ਸੰਕਟਮਈ ਪ੍ਰਸਥਿਤੀਆਂ ਤੋਂ ਸਿੱਖ ਬੁੱਧੀਜੀਵੀ ਲੇਖਕ ਵਰਗ ਪ੍ਰਭਾਵਿਤ ਹੁੰਦਾ ਹੋਇਆ ਇਤਿਹਾਸਕ ਨਾਵਲ ਰਚਨਾਵਾਂ ਦੀ ਸਿਰਜਣਾ ਕਰਦਾ ਹੈ।ਮੁੱਢਲੇ ਪੰਜਾਬੀ ਨਾਵਲਕਾਰ ਭਾਈ ਵੀਰ ਸਿੰਘ ਅਤੇ ਚਰਨ ਸਿੰਘ ਸ਼ਹੀਦ ਦੋਵੇਂ ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਹੁੰਦਿਆਂ ਸਿੱਖ ਵਿਚਾਰਧਾਰਾ ਅਨੁਸਾਰ ਇਤਿਹਾਸਕ ਨਾਵਲਾਂ ਦੀ ਸਿਰਜਣਾ ਆਪਣੇ ਧਰਮ ਨੂੰ ਲੱਗ ਰਹੀ ਢਾਹ ਨੂੰ ਰੋਕਣ ਲਈ ਕਰਦੇ ਹਨ। ਉਹਨਾਂ ਦਾ ਧਾਰਮਿਕ ਸੁਧਾਰਵਾਦੀ ਵਿਚਾਰਧਾਰਾਈ ਦ੍ਰਿਸ਼ਟੀਕੋਣ ਇਹ ਸੀ ਕਿ ਸਮਕਾਲੀਨ ਸਿੱਖ ਕੌਮ ਪੁਰਾਤਨ ਸਿੱਖ ਇਤਿਹਾਸ ਖਾਲਸਾ ਦਾ ਅਸਲੀ ਪੰਥਕ ਜੀਵਨ ਅਤੇ ਸਿੱਖ ਕੌਮ ਦੇ ਬਹਾਦਰੀ ਭਰੇ ਕਾਰਨਾਮਿਆਂ ਤੋਂ ਸੇਧ ਲੈ ਕੇ ਆਪਣੀ ਸਭਿਆਚਾਰਕ ਅਤੇ ਰਾਜਸੀ ਸਥਿਤੀ ਨੂੰ ਸੰਵਾਰ ਸਕਦੀ ਹੈ।

**ਕੁੰਜੀਵਤ ਸ਼ਬਦ:** ਅੰਗਰੇਜ਼, ਈਸਾਈ ਮਿਸ਼ਨਰੀਆਂ, ਇਤਿਹਾਸ, ਸਭਿਆਚਾਰ, ਬਹਾਦਰੀ, ਸਿੱਖ ਕੌਮ, ਸਿੱਖ ਵਿਚਾਰਧਾਰਾ।

ਪੰਜਾਬੀ ਨਾਵਲ ਦਾ ਜਨਮ ਅੰਗਰੇਜ਼ਾਂ ਦੀ ਪ੍ਰਚਾਰ-ਨੀਤੀ ਦੇ ਪ੍ਰਤਿਉੱਤਰ ਵਜੋਂ ਹੋਇਆ ਮੰਨਿਆ ਜਾਂਦਾ ਹੈ ਕਿਉਂਕਿ ਅੰਗਰੇਜ਼ ਹਕੂਮਤ ਉਸ ਸਮੇਂ ਭਾਰਤ ਨੂੰ ਰਾਜਸੀ ਤੌਰ 'ਤੇ ਗ਼ੁਲਾਮ ਬਣਾਉਣ ਦੇ ਨਾਲ-ਨਾਲ ਇੱਥੋਂ ਦੇ ਸਭਿਆਚਾਰ ਨੂੰ ਵੀ ਨਖਿੱਧ ਸਿੱਧ ਕਰ ਰਹੀ ਸੀ। ਜਿਸਦਾ ਪ੍ਰਭਾਵ ਕਾਫ਼ੀ ਹੱਦ ਤੱਕ ਭਾਰਤ ਵਾਸੀਆ ਉੱਤੇ ਪਇਆ। ਉਹ ਨਿੱਜੀ ਰੁਚੀਆਂ, ਮੁਫ਼ਾਦਾਂ ਅਤੇ ਈਸਾਈ ਪ੍ਰਚਾਰ ਕਾਰਨ ਈਸਾਈ ਮਤ ਵੱਲ ਖਿੱਚੇ ਜਾ ਰਹੇ ਸਨ ਕਿਉਂਕਿ ਈਸਾਈ ਮਤ ਉਸ ਸਮੇਂ ਦੀ ਤਤਕਾਲੀਨ ਹਕੂਮਤ ਦਾ ਧਰਮ ਸੀ। ਇਹ ਉਸ ਸਮੇਂ ਦਾ ਯਥਾਰਥ ਸੀ ਅਤੇ ਅਜਿਹੇ ਯਥਾਰਥ ਦੀ ਲੋੜ ਵਜੋਂ ਸਿੱਖ ਉੱਚਤਾ ਦੀ ਮਿੱਥ ਨੂੰ ਸਿਰਜਿਆ ਗਿਆ। ਇਸ ਪ੍ਰਕਾਰ ਮੁੱਢਲਾ ਪੰਜਾਬੀ ਇਤਿਹਾਸਕ ਨਾਵਲ ਸਮੇਂ ਦੇ ਯਥਾਰਥ ਤੋਂ ਪ੍ਰੇਰਿਤ ਅਨੁਭਵ ਹੁੰਦਾ ਹੈ।

ਅਜਿਹੇ ਮਾਹੌਲ ਵਿੱਚ ਪ੍ਰਸਿੱਧ ਨਾਵਲਕਾਰ ਭਾਈ ਵੀਰ ਸਿੰਘ ਨੇ ਸਿੱਖ ਧਰਮ ਦੀ ਮਹਿਮਾ ਨੂੰ ਮੁੜ ਸੁਰਜੀਤ ਕਰਨ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਨਾਵਲ ਸਿਰਜਣਾ ਕੀਤੀ। ਇਸ ਤਰ੍ਹਾਂ ਨਵੀਂ ਇਤਿਹਾਸਿਕ ਲੋੜ ਵਿੱਚੋਂ ਨਵੇਂ ਪੰਜਾਬੀ ਸਾਹਿਤ ਰੂਪ ਨਾਵਲ ਦਾ ਜਨਮ ਹੋਇਆ। ਅਸਲ ਵਿੱਚ ਭਾਈ ਵੀਰ ਸਿੰਘ ਨੂੰ " ਸਾਂਸਕ੍ਰਿਤਿਕ ਦਾਬੇ ਤੋਂ ਸੁਤੰਤਰਤਾ ਦਾ ਬਦਲ ਸਿੱਖੀ ਦੇ ਪੁਰਾਣੇ ਗੌਰਵ ਦੀ 'ਪੁਨਰ ਸੁਰਜੀਤੀ' ਵਿੱਚ ਨਜ਼ਰ ਆਉਂਦਾ ਹੈ।"[1] ਉਹ ਸਮਕਾਲੀ ਸੰਕਟਮਈ ਸਥਿਤੀਆਂ ਤੋਂ ਮੁਕਤੀ ਦਾ ਰਾਹ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਵਿੱਚ ਦੇਖਦਾ ਹੈ ਅਤੇ ਭਾਈ ਸਾਹਿਬ ਦਾ ਸਮਕਾਲੀ ਨਾਵਲਕਾਰ ਚਰਨ ਸਿੰਘ ਸ਼ਹੀਦ ਵੀ ਧਰਮ ਸੁਧਾਰ ਲਹਿਰਾਂ ਦੇ ਪ੍ਰਭਾਵ ਅਧੀਨ ਆਪਣੇ ਧਰਮ ਅਤੇ ਸਭਿਆਚਾਰ ਦੇ ਬਚਾਓ ਹਿੱਤ ਨਾਵਲ ਸਿਰਜਣਾ ਕਰਦਾ ਹੈ ਜੋ ਸਿੱਖ ਜਮਾਤ ਨੂੰ ਹੀ ਸੰਬੋਧਿਤ ਹਨ। ਈਸਾਈ ਮਿਸ਼ਨਰੀਆਂ ਦੁਆਰਾ ਸੰਪਾਦਿਤ ਨਾਵਲ ਰਚਨਾਵਾਂ ਵਿੱਚ ਟੇਢੇ ਢੰਗ ਨਾਲ ਸਿੱਖਾਂ ਨੂੰ ਈਸਾਈ ਧਰਮ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਜੋ ਸਿੱਖਾਂ ਨੂੰ ਮਾਨਸਿਕ ਰੂਪ ਵਿੱਚ ਗ਼ੁਲਾਮ ਕਰਨ ਦੀ ਨੀਤੀ ਸੀ। ਈਸਾਈ ਮਿਸ਼ਨਰੀਆਂ ਦੀ ਅਜਿਹੀ ਨੀਤੀ ਦੀ ਪ੍ਰਤੀਕਿਰਿਆ ਵਜੋਂ ਸਿੱਖ ਲੇਖਕਾਂ ਵਿੱਚ ਆਪਣੇ ਧਰਮ, ਸਭਿਆਚਾਰ ਤੇ ਇਤਿਹਾਸ ਦੀ ਉੱਚਤਾ ਨੂੰ ਪ੍ਰਚਾਰਨ ਦਾ ਵਲਵਲਾ ਉਦੈ ਹੋਇਆ ਜਿਨ੍ਹਾਂ ਵਿੱਚੋਂ ਮੁੱਢਲਾ ਕਦਮ ਨਾਵਲਕਾਰ ਭਾਈ ਵੀਰ ਸਿੰਘ ਨੇ ਉਠਾਉਂਦਿਆਂ ਇਤਿਹਾਸਿਕ ਆਧਾਰ ਵਿੱਚੋਂ ਸਮਕਾਲੀ ਸਮਾਜ ਦੇ ਸੁਧਾਰ ਲਈ ਆਦਰਸ਼ਾਂ ਨੂੰ ਆਪਣੀਆਂ ਨਾਵਲ ਰਚਨਾਵਾਂ ਵਿੱਚ ਪੇਸ਼ ਕੀਤਾ। ਭਾਈ ਸਾਹਿਬ ਦਾ ਸੁੰਦਰੀ(1898), ਬਿਜੈ ਸਿੰਘ (1899)ਅਤੇ ਸਤਵੰਤ ਕੌਰ(1899) ਇਤਿਹਾਸਕ ਨਾਵਲ ਰਚਨਾਵਾਂ ਲਿਖਣ ਸੰਬੰਧੀ ਪ੍ਰਯੋਜਨ ਇਹ ਸੀ ਕਿ " ਸਿੱਖ ਕੌਮ ਵਿਸ਼ੇਸ਼ ਕਰਕੇ ਇਸ ਦੇ ਨੌਜਵਾਨ ਬੀਤੇ ਸਮੇਂ ਨੂੰ ਯਾਦ ਕਰਕੇ ਕੁੱਝ ਮਤ ਪ੍ਰਾਪਤ ਕਰਨ।"[2] ਇਸ ਪ੍ਰਕਾਰ ਪੁਰਾਤਨ ਹਾਲਾਤਾਂ ਨੂੰ ਪ੍ਰਤੀਮਾਨ ਵਜੋਂ ਪੇਸ਼ ਕਰਕੇ ਵਰਤਮਾਨ ਨੂੰ ਸੰਕਟ ਤੋਂ ਬਚਾਉਣ ਦਾ ਮੂਲ ਮਨੋਰਥ ਭਾਈ ਸਾਹਿਬ ਦਾ ਸਪੱਸ਼ਟ ਹੁੰਦਾ ਹੈ। ਭਾਈ ਵੀਰ ਸਿੰਘ ਨੇ ਆਪਣੀਆਂ ਨਾਵਲ ਰਚਨਾਵਾਂ ਵਿੱਚ 18 ਵੀਂ ਸਦੀ ਦੇ ਇਤਿਹਾਸ ਨੂੰ ਆਧਾਰ ਬਣਾਉਂਦੇ ਹੋਏ ਕਲਪਿਤ ਪਾਤਰਾਂ ਰਾਹੀਂ ਸਮਕਾਲੀ ਸਿੱਖ ਸਮਾਜ ਦੇ ਸੰਕਟ ਨੂੰ ਪੇਸ਼ ਕਰਨ ਦਾ ਉੱਦਮ ਕੀਤਾ ਹੈ। ਇਤਿਹਾਸ ਅਤੇ ਸਮਕਾਲ ( ਦੋਹਾਂ ਕਾਲ ਖੰਡਾਂ) ਵਿੱਚ ਸਿੱਖਾਂ ਦੀ ਸਥਿਤੀ ਗ਼ੁਲਾਮ ਹਕੂਮਤ ਨਾਲ ਸੰਘਰਸ਼ ਅਤੇ ਟੱਕਰ ਦੀ ਹੈ। ਅਜਿਹੀ ਪੇਸ਼ਕਾਰੀ ਸੰਬੰਧੀ ਭਾਈ ਵੀਰ ਸਿੰਘ ਇਤਿਹਾਸ ਦੀ ਕੋਈ ਨਵੀਂ ਵਿਆਖਿਆ ਨਹੀਂ ਕਰਦੇ ਬਲਕਿ ਉਸਨੂੰ ਇੱਕ ਆਦਰਸ਼ ਦੇ ਰੂਪ ਵਿੱਚ ਪੇਸ਼ ਕਰ ਰਹੇ ਅਨੁਭਵ ਹੁੰਦੇ ਹਨ। ਉਸ ਸਮੇਂ ਵੀ ਸਿੱਖਾਂ ਨੇ ਜਥੇਬੰਦ ਹੋ ਕੇ ਮੁਗਲ ਰਾਜ ਨਾਲ ਟੱਕਰ ਲਈ ਸੀ ਅਤੇ ਇਹੋ ਪ੍ਰਵਿਰਤੀ ਹੀ ਭਾਈ ਵੀਰ ਸਿੰਘ ਅਨੁਸਾਰ ਸਮਕਾਲੀ ਸੰਕਟ ਦਾ ਹੱਲ ਹੋ ਸਕਦੀ ਸੀ। " ਜੋ ਕਸ਼ਟਣੀਆਂ ਪੰਥ ਉਤੇ ਅਗਲੇ ਸਮੇਂ ਵਾਪਰਦੀਆਂ ਰਹੀਆਂ, ਓਹ ਮੁੜ ਆ ਵਾਪਰੀਆਂ ਹਨ। ਇਨ੍ਹਾਂ ਦੁਖਦਾਈ ਹੋਣੀਆਂ ਨੇ ਪੁਰਾਣੇ ਇਤਿਹਾਸਕ ਵਾਕਿਆਤ ਨੂੰ ਮੁੜ ਦੁਹਰਾ ਦਿੱਤਾ ਹੈ। ਕੌਮ ਇਸ ਵੇਲੇ ਫਿਰ ਦੁੱਖਾਂ ਦੇ ਮੂੰਹ ਆ ਗਈ ਹੈ। ਆਸ ਹੈ ਪੁਰਾਣੇ ਸਿੱਖ ਸੂਰਮਿਆਂ ਦੇ ਹਾਲ, ਜੋ ਇਸ ਪੋਥੀ ਵਿਚ ਹਨ, ਸਹਾਰਾ ਦੇਣਗੇ ਤੇ ਰਹਿਨੁਮਾਈ ਕਰਨਗੇ ਅਤੇ ਗੁਰਬਾਣੀ ਦਾ ਆਸਰਾ, ਇਖ਼ਲਾਕ ਦੀ ਉੱਚਤਾ, ਪਰਸਪਰ ਪ੍ਰੇਮ ਤੇ ਸਾਂਝੇ ਕੰਮਾਂ ਲਈ ਕੁਰਬਾਨੀ ਪੰਥ ਨੂੰ ਉੱਚਿਆਂ ਲੈ ਨਿਕਲੇਗੀ ਤੇ ਸਲਾਮਤੀ ਬਖ਼ਸ਼ੇਗੀ।"[3] ਭਾਈ ਵੀਰ ਸਿੰਘ ਦੀ ਇਸ ਵਿਚਾਰਧਾਰਾ ਦਾ ਭਾਵ ਇਹੋ ਹੈ ਕਿ ਸਮਕਾਲੀ ਸਿੱਖ ਸਮਾਜ ਮੱਧਕਾਲੀ ਸਿੱਖ ਕੌਮ ਦੇ ਪਦ ਚਿੰਨ੍ਹਾਂ 'ਤੇ ਚੱਲਦਿਆਂ ਤਤਕਾਲੀਨ ਸੰਕਟਮਈ ਸਥਿਤੀਆਂ ਤੋਂ ਮੁਕਤ ਹੋ ਸਕਦਾ ਹੈ। ਇਸ ਤਰ੍ਹਾਂ ਧਾਰਮਿਕ ਅਤੇ ਸਭਿਆਚਾਰਕ ਸੰਕਟ ਦੌਰਾਨ ਵੀ ਭਾਈ ਵੀਰ ਸਿੰਘ ਪੱਛਮੀ ਝੁਕਾਅ ਦੇ ਵਿਰੋਧ ਵਿੱਚ ਮੱਧਕਾਲੀ ਅਧਿਆਤਮਕ ਭਾਵਨਾ 'ਤੇ ਜ਼ੋਰ ਦਿੰਦਾ ਹੋਇਆ ਸਮਾਜ ਦੀ ਇਤਿਹਾਸਕ ਤੋਰ ਦੇ ਪਹੀਏ ਨੂੰ ਪਿੱਛੇ ਵੱਲ ਖਿੱਚਦਾ ਹੋਇਆ ਅਨੁਭਵ ਹੁੰਦਾ ਹੈ ਪਰੰਤੂ ਅਜਿਹੀ ਦ੍ਰਿਸ਼ਟੀ ਉਸ ਸਮੇਂ ਦੀ ਵਸਤੂ ਸਥਿਤੀ ਦੀ ਲੋੜ ਵਜੋਂ ਪੈਦਾ ਹੋਈ ਸੀ। ਉਸ ਸਮੇਂ ਈਸਾਈ ਮਿਸ਼ਨਰੀਆਂ ਦੇ ਵਿਰੋਧ ਵਿੱਚ ਆਪਣੇ ਵਿਰਸੇ ਦੀ ਧਾਰਮਿਕ ਭਾਵਨਾ 'ਤੇ ਜ਼ੋਰ ਦੇਣਾ ਜ਼ਰੂਰੀ ਸੀ। ਇਉਂ ਈਸਾਈ ਮਿਸ਼ਨਰੀਆਂ ਵੱਲੋਂ ਸਿੱਧ ਕੀਤੀ ਜਾ ਰਹੀ ਈਸਾਈ ਮਤ ਦੀ ਉੱਚਤਾ ਦੇ ਵਿਰੋਧ ਵਿੱਚ ਭਾਈ ਵੀਰ ਸਿੰਘ ਦਾ ਆਪਣੇ ਧਾਰਮਿਕ ਵਿਰਸੇ ਦੀ

ਸ੍ਰੇਸ਼ਟਤਾ ਨੂੰ ਸਿੱਧ ਕਰਨ ਦਾ ਕਾਰਜ ਮੌਕੇ ਦਾ ਹਥਿਆਰ ਸਾਬਿਤ ਹੋਇਆ ਹੈ। ਜਿਸ ਸਮੇਂ ਸਮਾਜ ਵਿਚ ਜਮਾਤੀ ਤੇ ਵਿਗਿਆਨਕ ਸੋਝੀ ਦੀ ਕਮੀ ਹੋਵੇ, ਉਸ ਸਮੇਂ ਹਰ ਸਮੱਸਿਆ ਧਾਰਮਿਕ ਚੋਲਾ ਪਹਿਨ ਕੇ ਹੀ ਪ੍ਰਗਟ ਹੁੰਦੀ ਹੈ। ਬ੍ਰਿਟਿਸ਼ ਸਾਮਰਾਜ ਵੱਲੋਂ ਪ੍ਰਚਾਰੀ ਜਾ ਰਹੀ ਆਪਣੀ ਸਭਿਆਚਾਰਕ ਸ੍ਰੇਸ਼ਟਤਾ ਦੇ ਵਿਰੋਧ 'ਚ ਦੇਸੀ ਲਹਿਰਾਂ ਦਾ ਧਾਰਮਿਕ ਮੁਹਾਵਰੇ ਅਧੀਨ ਉੱਠਣਾ ਸੁਭਾਵਿਕ ਹੈ। ਬ੍ਰਿਟਿਸ਼ ਸਾਮਰਾਜ ਦੀ ਭਲਾਈ ਸਥਾਨਿਕ ਵਾਸੀਆਂ ਦੀ ਸੰਪਰਦਾਇਕ ਫੁੱਟ ਵਿੱਚ ਹੀ ਸੀ। ਸਿੰਘ ਸਭਾ ਲਹਿਰ ਦੇ ਆਗੂਆਂ ਦਾ ਵਤੀਰਾ ਧਾਰਮਿਕ ਸੁਧਾਰਵਾਦੀ ਸੀ। ਪੰਜਾਬ ਵਿੱਚੋਂ ਸਿੱਖ ਰਾਜ ਦੇ ਖ਼ਤਮ ਹੋਣ ਉਪਰੰਤ ਬ੍ਰਿਟਿਸ਼ ਸਾਮਰਾਜ ਦੇ ਕਾਬਜ਼ ਹੋ ਜਾਣ ਸਦਕਾ ਧਾਰਮਿਕ ਪਰਿਵਰਤਨ ਹੋਣੇ ਸ਼ੁਰੂ ਹੋ ਗਏ। ਜਿਸ ਕਾਰਨ ਸਿੱਖਾਂ ਦੀ ਗਿਣਤੀ ਵਿੱਚ ਘਾਟਾ ਪੈ ਗਿਆ ਅਤੇ ਅਜਿਹੀ ਸੰਕਟਮਈ ਸਥਿਤੀ ਵਿੱਚ ਨਾਵਲਕਾਰ ਭਾਈ ਵੀਰ ਸਿੰਘ ਵਿਦੇਸ਼ੀ ਸਾਮਰਾਜ ਦੇ ਪੈ ਰਹੇ ਭੈੜੇ ਪ੍ਰਭਾਵ ਤੋਂ ਆਪਣੇ ਧਰਮ ਅਤੇ ਸਭਿਆਚਾਰ ਦੇ ਬਚਾਅ ਹਿੱਤ ਆਪਣੇ ਅਤੀਤ ਦੀ ਜਨਮਭੂਮੀ ਵਿੱਚੋਂ ਪ੍ਰਤੀਮਾਨ ਸਿਰਜਦਾ ਹੈ। "ਤੁਰਕਾਂ ਦੇ ਵੈਰ ਤੋਂ ਸਿੱਖਾਂ ਦਾ ਉਸ ਸਮੇਂ ਕੁਝ ਨਹੀਂ ਵਿਗੜਿਆਂ, ਪਰ ਹੁਣ ਅੱਜ ਕੱਲ ਹੋਰ ਤਰ੍ਹਾਂ ਦੇ ਧਰਮ ਆਏ ਹਨ, ਜੋ ਮਿੱਠਤ ਨਾਲ ਲੋਭ ਨਾਲ ਨੁਕਸਾਨ ਕਰ ਰਹੇ ਹਨ। ਇਨ੍ਹਾਂ ਤੋਂ ਡਰੋ, ਇਹ ਯੁੱਗ ਅਸਰ ਕਰਦੇ ਹਨ। ਉਨ੍ਹਾਂ ਦੇ ਪਿਆਰ ਪਰ ਨਾ ਡੁੱਲੋ, ਉਹਨਾਂ ਦੇ ਤੋਹਫ਼ੇ , ਉਨ੍ਹਾਂ ਦੇ ਮਿੱਠੇ ਬਚਨ, ਉਨ੍ਹਾਂ ਦੇ ਆਦਰ ਤੁਹਾਨੂੰ ਖਾ ਜਾਣਗੇ। "[4] ਅੰਗਰੇਜ਼ ਇੱਕ ਵਿਕਸਤ ਕੌਮ ਸੀ ਜਿਸਨੇ ਜ਼ਬਰ ਨਾਲੋਂ ਮਿੱਠਤ ਭਰੇ ਰਵੱਈਏ ਨਾਲ ਲੋਕਾਂ ਨੂੰ ਆਪਣੇ ਗ਼ੁਲਾਮ ਬਣਾਉਣਾ ਠੀਕ ਸਮਝਿਆ। ਬ੍ਰਿਟਿਸ਼ ਸਾਮਰਾਜ ਨੇ ਆਪਣੇ ਪੈਰ ਭਾਰਤ ਵਿੱਚ ਪੱਕੇ ਤੌਰ 'ਤੇ ਜਮਾਉਣ ਦੇ ਉਦੇਸ਼ ਨਾਲ ਆਪਣੀ ਸੰਸਕ੍ਰਿਤੀ ਦਾ ਗਲਬਾ ਭਾਰਤੀ ਲੋਕਾਂ 'ਤੇ ਪਾਉਣਾ ਚਾਹਿਆ ਪਰੰਤੂ ਸਾਡੀ ਜਾਗ੍ਰਿਤ ਕੌਮ ਨੇ ਤੁਰੰਤ ਅੰਗਰੇਜ਼ਾਂ ਦੀ ਅਜਿਹੀ ਨੀਤੀ ਦਾ ਵਿਰੋਧ ਕੀਤਾ।

ਭਾਈ ਵੀਰ ਸਿੰਘ ਆਪਣੀ ਨਾਵਲ ਰਚਨਾ ਵਿੱਚ ਸਿੱਖ ਧਰਮ ਦੀ ਉੱਚਤਾ ਦਰਸਾਉਂਦਾ ਹੋਇਆ ਦੂਜੇ ਧਰਮ ਦੇ ਲੋਕਾਂ ਨੂੰ ਆਪਣੇ ਵਿੱਚ ਸ਼ਾਮਿਲ ਹੋਣ ਦੀ ਨੀਤੀ ਅਨੁਸਾਰ ਪ੍ਰਫ਼ੁੱਲਿਤ ਹੁੰਦੇ ਦਿਖਾਉਣ ਦਾ ਯਤਨ ਕਰਦਾ ਹੈ। ਉਸਦੇ ਸਮੁੱਚੇ ਨਾਵਲਾਂ ਵਿਚਲੇ ਪਾਤਰ ਜਿਵੇਂ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਅਤੇ ਸ਼ੀਲ ਕੌਰ ਆਦਿ ਨਾਵਲੀ ਬਿਰਤਾਂਤਕ ਘਟਨਾਵਾਂ ਵਿੱਚ ਕਿਤੇ ਵੀ ਮੁਸਲਮਾਨਾਂ ਦੇ ਹੱਥੋਂ ਪੱਕਿਆ ਖਾਣਾ ਨਹੀਂ ਖਾਂਦੇ ਤੇ ਨਾ ਹੀ ਕਿਤੇ ਧਰਮ ਮਰਿਆਦਾ ਤੋਂ ਹੀਣ ਹੁੰਦੇ ਨਜ਼ਰ ਆਉਂਦੇ ਹਨ। ਅਸਲ ਵਿੱਚ ਅਜਿਹੇ ਨਾਵਲੀ ਵੇਰਵਿਆਂ ਦੇ ਮਾਧਿਅਮ ਰਾਹੀਂ ਭਾਈ ਵੀਰ ਸਿੰਘ ਆਪਣੀ ਆਦਰਸ਼ਵਾਦੀ ਵਿਚਾਰਧਾਰਾ ਅਨੁਸਾਰ ਸਿੱਖ ਕੌਮ ਦੇ ਸਾਹਮਣੇ ਇਹ ਆਦਰਸ਼ ਰੱਖਦਾ ਅਨੁਭਵ ਹੁੰਦਾ ਹੈ ਕਿ ਇਨ੍ਹਾਂ ਸਿੱਖ ਪਾਤਰਾਂ ਦਾ ਕਿਸੇ ਦੂਜੇ ਧਰਮ ਵਿਚ ਸ਼ਾਮਿਲ ਹੋਣਾ ਤਾਂ ਦੂਰ ਇਹ ਤਾਂ ਆਪਣੀ ਧਾਰਮਿਕ ਰਹਿਤ ਮਰਿਯਾਦਾ ਤੋਂ ਮੁੱਖ ਮੋੜਨਾ ਵੀ ਪਾਪ ਸਮਝਦੇ ਹਨ। ਇਸ ਤਰ੍ਹਾਂ ਉਹਨਾਂ ਸਿੱਖ ਪਾਤਰਾਂ ਦਾ ਆਪਣੇ ਧਰਮ 'ਤੇ ਖਰਾ ਉੱਤਰਨ ਦਾ ਕਾਰਜ ਨਾਵਲਕਾਰ ਦਾ ਆਪਣੇ ਸਮਕਾਲੀ ਪਾਠਕਾਂ ਨੂੰ ਪ੍ਰੇਰਣਾ ਦੇਣ ਦੀ ਲੋੜ ਨਾਲ ਜੁੜਿਆ ਅਨੁਭਵ ਹੁੰਦਾ ਹੈ। ਉਹ ਉਹਨਾਂ ਨੂੰ ਟੱਕਰ ਨਾਲ ਬ੍ਰਿਟਿਸ਼ ਸਾਮਰਾਜ ਤੋਂ ਆਪਣਾ ਖੁੱਸਿਆ ਹੋਇਆ ਰਾਜ ਵਾਪਸ ਲੈਣ ਵਿੱਚ ਯਕੀਨ ਰੱਖਦਾ ਹੋਇਆ ਤਾਕੀਦ ਕਰਦਾ ਹੈ ਕਿ ਰਾਜ ਮਿੰਨਤਾਂ ਨਾਲ ਹਾਸਿਲ ਨਹੀਂ ਕੀਤਾ ਜਾ ਸਕਦਾ ਬਲਕਿ ਸੰਘਰਸ਼ ਨਾਲ ਹਾਸਿਲ ਕੀਤਾ ਜਾ ਸਕਦਾ ਹੈ।

ਭਾਈ ਵੀਰ ਸਿੰਘ ਉਪਰੰਤ ਅਗਲੇਰਾ ਨਾਵਲਕਾਰ ਚਰਨ ਸਿੰਘ ਸ਼ਹੀਦ ਧਾਰਮਿਕਤਾ ਦੇ ਨਾਲ-ਨਾਲ ਰਾਜਨੀਤਿਕ ਖੇਤਰ ਵਿੱਚ ਵੀ ਪੈਰ ਰੱਖਦਾ ਨਜ਼ਰ ਆਉਂਦਾ ਹੈ। ਸ਼ਹੀਦ ਦੇ ਨਾਵਲ ਵਿੱਚ ਮੁਸਲਮਾਨ ਹਾਕਮਾਂ ਵੱਲੋਂ ਉਚਾਰੀ ਇਹ ਟਿੱਪਣੀ ਸਿੱਖ ਕੌਮ ਦੀ ਵਧਦੀ ਸ਼ਕਤੀ ਤੋਂ ਬਾ ਖ਼ਾਤਰ ਹੁੰਦੀ ਰਾਜਨੀਤਿਕ ਵਿਰੋਧ ਦਾ ਪ੍ਰਗਟਾਵਾ ਕਰਦੀ ਹੈ। " ਅਸਲ ਗੱਲ ਇਹ ਹੈ ਕਿ ਇਹ ਸਿੱਖਾਂ ਦਾ ਜ਼ਬਰਦਸ਼ਤ ਫ਼ਿਰਕਾ ਨਵਾਂ ਹੀ ਜੰਮ ਕੇ ਸਾਡੇ ਉਲਟ ਹੋ ਗਿਆ ਅਰ ਜਿੱਤ ਹੋ ਕੇ ਖ਼ਾਹਮਖ਼ਾਹ ਹਿੰਦੂਆਂ ਨੂੰ ਸਾਡੀ ਤਾਬਾਦਾਰੀ ਹੇਠੋਂ ਕੱਢਣ ਦੀ ਕੋਸ਼ਿਸ਼ ਕਰਨ ਲੱਗਾ ਹੈ........ਪਹਿਲਾਂ ਇਹ ਸਾਧਾਰਨ ਲੋਕ ਹੁੰਦੇ ਹਨ, ਪਰ ਪਿੱਛੋਂ ਇਹ ਚੰਗੇ ਜੰਗਜੂ ਹੋ ਗਏ, ਜਿਸ ਨੇ ਹੁਣ ਸਾਡੇ ਰਾਜ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ ਤੇ ਇਹ ਸੱਚ ਹੈ ਕਿ ਜੇ ਇਹ ਮੁੱਕ ਨਾ ਗਏ ਤਾਂ ਸਾਡਾ ਰਾਜ ਨਹੀਂ ਰਹੇਗਾ। "[5] ਭਾਈ ਵੀਰ ਸਿੰਘ ਨੇ ਆਪਣੀ ਨਾਵਲੀ ਬਿਰਤਾਂਤ ਵਿੱਚ ਮੁਸਲਿਮ ਹਾਕਮ ਅਤੇ ਸਿੱਖਾਂ ਦੇ ਵਿਰੋਧ ਨੂੰ ਕੇਵਲ ਧਾਰਮਿਕ ਖੇਤਰ ਤੱਕ ਹੀ ਸੀਮਤ ਰੱਖਿਆ ਜਦਕਿ ਚਰਨ ਸਿੰਘ ਸ਼ਹੀਦ

ਸਿੱਖਾਂ ਅਤੇ ਮੁਸਲਮਾਨਾਂ ਦੇ ਰਾਜਨੀਤਿਕ ਵਿਰੋਧ ਨੂੰ ਵੀ ਪੇਸ਼ ਕਰਨ ਦਾ ਯਤਨ ਕਰਦਾ ਹੈ। ਅਜਿਹੀ ਬਿਰਤਾਂਤਕਾਰੀ ਕਰਨ ਸੰਬੰਧੀ ਉਸਦਾ ਮੂਲ ਮਨੋਰਥ ਸਿੱਖਾਂ ਅਤੇ ਮੁਸਲਮਾਨਾਂ ਦੇ ਰਾਜਨੀਤਿਕ ਵਿਰੋਧ ਰਾਹੀਂ ਸਮਕਾਲੀ ਸਿੱਖ ਕੌਮ ਨੂੰ ਜਾਗ੍ਰਿਤ ਕਰਨਾ ਹੈ ਕਿ ਅਸੀਂ ਤਾਂ ਹਮੇਸ਼ਾ ਹਾਕਮਾਂ ਦੇ ਵਿਰੋਧ ਵਿਚ ਵਿਚਰਣ ਵਾਲੇ ਹਾਂ ਤੇ ਹਾਕਮਾਂ ਨੂੰ ਵਖ਼ਤ ਪਾਉਣ ਵਾਲੇ ਸੀ ਤੇ ਤੁਸੀਂ ਉਹਨਾਂ ਦੀ ਅਧੀਨਤਾ ਸਵੀਕਾਰ ਕਰ ਲਈ ਹੈ। ਜਿਸਦੀ ਸਪੱਸ਼ਟ ਮਿਸਾਲ 'ਚੰਚਲ ਮੂਰਤੀ' ਨਾਵਲ ਵਿਚਲੇ ਚੰਚਲ ਸਿੰਘ ਤੋਂ ਪ੍ਰਤੀਤ ਹੁੰਦੀ ਹੈ। ਨਾਵਲਕਾਰ ਚੰਚਲ ਸਿੰਘ ਵਰਗੇ ਪਾਤਰਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਨੂੰ ਪੇਸ਼ ਕਰਕੇ ਸਮਕਾਲੀ ਸਿੱਖ ਪਾਠਕਾਂ ਨੂੰ ਆਪਣੇ ਧਰਮ ਅਤੇ ਸਭਿਆਚਾਰ ਨੂੰ ਸੁਰੱਖਿਅਤ ਕਰਨ ਦੇ ਉਦੇਸ਼ ਵਜੋਂ ਬ੍ਰਿਟਿਸ਼ ਹਕੂਮਤ ਦਾ ਅਡੋਲਤਾ ਨਾਲ ਸਾਹਮਣਾ ਕਰਨ ਦਾ ਸੁਝਾਅ ਦਿੰਦਾ ਹੈ।

ਸੋ ਸਮੁੱਚੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਬੁੱਧੀਜੀਵੀ ਵਰਗ ਨੇ ਇਤਿਹਾਸਕ ਨਾਵਲ ਰਚਨਾਵਾਂ ਦੀ ਸਿਰਜਣਾ ਆਪਣੇ ਸਮਕਾਲੀ ਸਮੇਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਕੀਤੀ ਹੈ। ਉਸ ਸਮੇਂ ਸਿੱਖਾਂ ਦੀ ਹੋਂਦ ਉੱਪਰ ਈਸਾਈ ਧਰਮ ਦਾ ਹਮਲਾ ਸੀ ਅਤੇ ਸਿੱਖ ਕੌਮ ਆਪਣੇ ਪੁਰਵਜ਼ਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਨੂੰ ਭੁੱਲਦਿਆਂ ਅੰਗਰੇਜ਼ ਹਕੂਮਤ ਦੀ ਰਾਜਸੀ ਗ਼ੁਲਾਮੀ ਦੇ ਨਾਲ ਸਭਿਆਚਾਰਕ ਤੌਰ 'ਤੇ ਵੀ ਗ਼ੁਲਾਮ ਹੋ ਰਹੀ ਸੀ। ਅਜਿਹੀ ਸਥਿਤੀ ਵਿੱਚ ਬੁੱਧੀਜੀਵੀ ਵਰਗ ਸਿੱਖ ਵਿਚਾਰਧਾਰਾ ਅਨੁਸਾਰ ਇਤਿਹਾਸਕ ਨਾਵਲਾਂ ਦੀ ਸਿਰਜਣਾ ਆਪਣੇ ਧਰਮਾਂ ਨੂੰ ਲੱਗ ਰਹੀ ਢਾਹ ਨੂੰ ਰੋਕਣ ਲਈ ਕਰਦਾ ਹੈ। ਉਹਨਾਂ ਅਨੁਸਾਰ ਪੁਰਾਤਨ ਸਿੱਖ ਇਤਿਹਾਸ ਖ਼ਾਲਸਾ ਦਾ ਅਸਲੀ ਪੰਥਕ ਜੀਵਨ ਅਤੇ ਸਿੱਖ ਕੌਮ ਦੇ ਬਹਾਦਰੀ ਭਰੇ ਕਾਰਨਾਮਿਆਂ ਤੋਂ ਸੇਧ ਲੈ ਕੇ ਸਮਕਾਲੀਨ ਸਿੱਖ ਕੌਮ ਆਪਣੀ ਸਮਾਜ-ਸਭਿਆਚਾਰਕ ਅਤੇ ਰਾਜਸੀ ਦਸ਼ਾ ਨੂੰ ਸੰਵਾਰ ਸਕਦੀ ਹੈ।

## ਹਵਾਲੇ ਤੇ ਟਿੱਪਣੀਆਂ


1. ਜੋਗਿੰਦਰ ਸਿੰਘ ਰਾਹੀ (ਸੰਪਾ.),ਨਾਨਕ ਸਿੰਘ ਦੀ ਨਾਵਲਕਾਰੀ ਅਣਪਛਾਤੇ ਨਕਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1999, ਪੰਨਾ 103
2. ਸਤਿੰਦਰ ਸਿੰਘ ਨੂਰ( ਡਾ.), ਭਾਈ ਵੀਰ ਸਿੰਘ ਜੀਵਨ ਤੇ ਰਚਨਾ , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1982, ਪੰਨਾ 37
3. ਉਹੀ, ਪੰਨਾ 39
4. ਭਾਈ ਵੀਰ ਸਿੰਘ, ਬਿਜੈ ਸਿੰਘ, ਖਾਲਸਾ ਸਮਾਚਾਰ, ਅੰਮ੍ਰਿਤਸਰ, 1970,ਪੰਨਾ 46
5. ਐੱਸ.ਐੱਸ ਚਰਨ ਸਿੰਘ ਸ਼ਹੀਦ, ਦਲੇਰ ਕੌਰ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1911, ਪੰਨਾ 155